ਇੰਜੀਨੀਅਰ-ਪ੍ਰਵੀਨ ਬਿਰਦੀ ਅਪੀਲੇਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈੱਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿਚ ।

ਵਿਸ਼ਾ :- ਅਪੀਲ ਅਧੀਨ ਆਰ.ਟੀ.ਆਈ ਐਕਟ-2005 :- ਸ੍ਰੀ ਸੁਭਾਸ਼ ਚੰਦਰ ਮੌਦਗਿਲ ।

ਮਿਤੀ 12/10/15 ਨੂੰ ਹਾਜਰ :- ਹਸਤਾਖਰ

ਪੀਆਈਓ-ਕਮ-ਕਾਰਜਕਾਰੀ ਇੰਜੀਨੀਅਰ,
ਬਿਸਤ ਦੁਆਬ ਮੰਡਲ, ਜਲੰਧਰ ।

**ਮਿਤੀ 12/10/15 ਦੀ ਕਾਰਵਾਈ ਰਿਪੋਰਟ:-**

ਅੱਜ ਮਿਤੀ 12/10/15 ਨੂੰ ਪੀਆਈਓ-ਕਮ-ਕਾਰਜਕਾਰੀ ਇੰਜੀਨੀਅਰ, ਬਿਸਤ ਦੁਆਬ ਮੰਡਲ ਜਲੰਧਰ ਵਲੋਂ ਸ੍ਰੀ ਅਮਰਜੀਤ ਸਿੰਘ ਚਾਹਲ ਏਪੀਆਈਓ-ਕਮ-ਉਪ ਮੰਡਲ ਅਫਸਰ, ਉਪ ਮੰਡਲ ਜਲੰਧਰ ਰਿਕਾਰਡ ਲੈਕੇ ਪੇਸ਼ ਹੋਏ ਅਤੇ ਸ੍ਰੀ ਸੁਭਾਸ਼ ਚੰਦਰ ਮੌਦਗਿਲ ਅਪੀਲ ਕਰਤਾ ਆਪਣੀ ਮਰਜੀ ਨਾਲ ਪੇਸ਼ ਹੋਏ ।

ਪਿਛਲੀ ਸੁਣਵਾਈ ਦੀ ਮਿਤੀ 9/10/15 ਨੂੰ ਏਪੀਆਈਓ-ਕਮ-ਉਪ ਮੰਡਲ ਅਫਸਰ ਵਲੋਂ ਮਿਤੀ 13/8/15 ਦੇ ਪੱਤਰ ਭੇਜੇ ਜਾਣ ਦੇ ਸਬੰਧ ਵਿਚ ਸਟੈਪ ਰਜਿਸਟਰ ਪੇਸ਼ ਕੀਤਾ ਸੀ। ਅੱਜ ਮਿਤੀ 12/10/15 ਦੀ ਸੁਣਵਾਈ ਦੌਰਾਨ ਇਸ ਦੇ ਸਬੂਤ ਵਜੋਂ ਡਿਸਪੈਚ ਰਜਿਸਟਰ ਵੀ ਪੇਸ਼ ਕੀਤਾ । ਡਿਸਪੈਚ ਰਜਿਸਟਰ ਚੰਗੀ ਤਰਾਂ ਘੋਖਿਆ ਗਿਆ ਅਤੇ ਅਪੀਲ ਕਰਤਾ ਨੂੰ ਵੀ ਦਿਖਾਇਆ ਗਿਆ। ਇਹ ਪਾਇਆ ਗਿਆ ਕਿ ਮਿਤੀ 13/8/15 ਦਾ ਪੱਤਰ ਅਪੀਲ ਕਰਤਾ ਨੂੰ ਆਡਨਰੀ ਡਾਕ ਰਾਹੀ ਭੇਜਿਆ ਗਿਆ । ਜਿਸ ਕਰਕੇ ਅਪੀਲ ਕਰਤਾ ਵਲੋਂ ਮੰਗੀ ਸੂਚਨਾ ਦੀ ਬਣਦੀ ਰਕਮ ਜਮਾਂ ਕਰਵਾਉਣੀ ਬਣਦੀ ਸੀ ।

ਇਸ ਕਰਕੇ ਅਪੀਲ ਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੀਆਈਓ ਵਲੋਂ ਸੂਚਿਤ ਕੀਤੀ ਰਕਮ ਜਮ੍ਹਾਂ ਕਰਵਾਈ ਜਾਵੇ ਅਤੇ ਪੀਆਈਓ-ਕਮ-ਕਾਰਜਕਾਰੀ ਇੰਜੀਨੀਅਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲ ਕਰਤਾ ਵਲੋਂ ਰਕਮ ਪ੍ਰਾਪਤ ਹੋਣ ਤੇ ਲੋੜੀਂਦੀ ਸੂਚਨਾ ਤੁਰੰਤ ਮੁਹੱਈਆ ਕਰਵਾਈ ਜਾਵੇ ।

ਇਨ੍ਹਾਂ ਆਦੇਸ਼ ਨਾਲ ਇਹ ਅਪੀਲ ਕੇਸ ਡਿਸਪੋਜ਼ਆਫ ਕੀਤਾ ਜਾਂਦਾ ਹੈ ।

ਮਿਤੀ, ਚੰਡੀਗੜ੍ਹ ।
12/10/2015.

ਇੰਜੀ:ਪ੍ਰਵੀਨ ਬਿਰਦੀ
ਅਪੀਲੇਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈੱਲ
ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।

ਨੰ:131-ਐਮ/2ਵਸ/2815-17 ਮਿਤੀ 12/X/15

1. ਉਪਰੋਕਤ ਦਾ ਉਤਾਰਾ ਪੀਆਈਓ-ਕਮ-ਕਾਰਜਕਾਰੀ ਇੰਜੀਨੀਅਰ, ਬਿਸਤ ਦੁਆਬ ਮੰਡਲ ਜਲੰਧਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।
2. ਇੰਚਾਰਜ ਕੰਪਿਊਟਰ ਸੈੱਲ ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਸ ਦਫਤਰ ਪੱਤਰ ਨੰ: 2778-80 ਮਿਤੀ 9/10/15 ਦੀ ਲਗਾਤਾਰਤਾ ਵਿਚ ਵੈਬ ਸਾਈਟ ਤੇ ਅੱਪ ਲੋਡ ਕਰਨ ਲਈ ਭੇਜਿਆ ਜਾਂਦਾ ਹੈ ।
3. ਸ੍ਰੀ ਸੁਭਾਸ਼ ਚੰਦਰ ਮੌਦਗਿਲ, ਮਕਾਨ ਨੰ: 80 ਗਲੀ ਇੰਦਰ ਸਿੰਘ ਵਾਲੀ, ਸੱਚ ਖੰਡ ਰੋਡ ਤਰਨ ਤਾਰਨ (143401) ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਰਜਿਸਟਰਡ

ਅਪੀਲੇਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਸਿੰਚਾਈ ਵਿਭਾਗ, ਪੰਜਾਬ
ਚੰਡੀਗੜ੍ਹ ।